# ਬੀ ਸੀ ਫਾਰਮਾਕੇਅਰ

## ਗਰਭ ਨਿਰੋਧਕ (ਕੰਟਰਾਸੈਪਟਿਵਜ਼)

ਫਾਰਮਾਕੇਅਰ ਪਰਸਨਲ ਹੈਲਥ ਨੰਬਰ ਵਾਲੇ ਬੀ ਸੀ ਦੇ ਕਿਸੇ ਵੀ ਵਸਨੀਕ ਲਈ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੇ ਗਰਭ ਨਿਰੋਧਕ (ਪਰਿਸਕਰਿਪਸ਼ਨ ਕੰਟਰਾਸੈਪਟਿਵਜ਼) ਦੀ ਪੂਰੀ ਕੀਮਤ ਅਦਾ ਕਰਦਾ ਹੈ। ਤੁਹਾਡਾ ਪਰਸਨਲ ਹੈਲਥ ਨੰਬਰ ਤੁਹਾਡੇ ਡਰਾਈਵਰ ਲਾਇਸੈਂਸ, ਬੀ ਸੀ ਸਰਵਿਸਿਜ਼ ਕਾਰਡ ਜਾਂ ਕੇਅਰ ਕਾਰਡ 'ਤੇ ਹੋ ਸਕਦਾ ਹੈ।

ਤੁਹਾਨੂੰ ਕਵਰ ਹੋਣ ਲਈ ਰਜਿਸਟਰ ਹੋਣ ਦੀ ਜਾਂ ਕੋਈ ਹੋਰ ਫਾਰਮ ਭਰਨ ਦੀ ਲੋੜ ਨਹੀਂ ਹੈ।

### ਫਾਰਮਾਕੇਅਰ ਵਲੋਂ ਕਵਰ ਕੀਤੇ ਜਾਣ ਵਾਲੇ ਗਰਭ ਨਿਰੋਧਕ

- ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਬਹੁਤੀਆਂ ਗਰਭ ਨਿਰੋਧਕ ਗੋਲੀਆਂ
- ਬੱਚੇਦਾਨੀ ਅੰਦਰ ਲਾਉਣ ਵਾਲੇ ਯੰਤਰ (IUDs) - ਹਾਰਮੋਨਲ ਅਤੇ ਤਾਂਬਾ
- ਹਾਰਮੋਨਲ ਇਮਪਲਾਂਟ
- ਹਾਰਮੋਨਲ ਵੈਜੀਨਲ ਰਿੰਗ
- ਗਰਭ ਨਿਰੋਧਕ ਟੀਕਾ
- ਐਮਰਜੈਂਸੀ ਗਰਭ ਨਿਰੋਧਕ (ਡਾਕਟਰ ਦੀ ਪਰਚੀ ਦੀ ਲੋੜ ਨਹੀਂ)

### ਇਹ ਕਿਵੇਂ ਕੰਮ ਕਰਦਾ ਹੈ

**1. ਡਾਕਟਰ ਦੀ ਪਰਚੀ (ਪਰਿਸਕਰਿਪਸ਼ਨ)**

ਕਿਸੇ ਫਾਰਮਾਸਿਸਟ, ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਦਾਈ ਤੋਂ ਪਰਚੀ ਲਓ। ਉਸ ਗਰਭ ਨਿਰੋਧਕ ਦੀ ਮੰਗ ਕਰੋ ਜੋ ਫਾਰਮਾਕੇਅਰ ਵਲੋਂ ਪੂਰੀ ਤਰ੍ਹਾਂ ਕਵਰ ਹੋਵੇ।

- ਜੇ ਤੁਹਾਡੇ ਕੋਲ ਉਸ ਗਰਭ ਨਿਰੋਧਕ ਦੀ ਪਰਚੀ ਹੈ ਜੋ ਫਾਰਮਾਕੇਅਰ ਦੁਆਰਾ ਕਵਰ ਨਹੀਂ ਕੀਤਾ ਜਾਂਦਾ ਜਾਂ ਅੰਸ਼ਕ ਤੌਰ 'ਤੇ ਕਵਰ ਕੀਤਾ ਜਾਂਦਾ ਹੈ, ਤਾਂ ਫਾਰਮਾਸਿਸਟ ਨੂੰ ਪੁੱਛੋ ਕਿ ਕੀ ਉਹ ਇਸ ਨੂੰ ਉਸ ਵਰਗੇ ਕਿਸੇ ਹੋਰ ਗਰਭ ਨਿਰੋਧਕ ਵਿੱਚ ਬਦਲ ਸਕਦੇ ਹਨ ਜੋ ਮੁਫ਼ਤ ਹੋਵੇ
- ਜੇ ਤੁਸੀਂ ਬਦਲ ਕੇ ਕੋਈ ਵੱਖਰੀ ਕਿਸਮ ਦਾ ਗਰਭ ਨਿਰੋਧਕ ਲੈਣਾ ਚਾਹੁੰਦੇ ਹੋ, ਉਦਾਹਰਨ ਲਈ ਗੋਲ਼ੀ ਤੋਂ ਆਈ ਯੂ ਡੀ ਤਾਂ ਫਾਰਮਾਸਿਸਟ, ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਦਾਈ ਨਾਲ ਗੱਲ ਕਰੋ
- ਤੁਹਾਨੂੰ ਐਮਰਜੈਂਸੀ ਗਰਭ ਨਿਰੋਧਕ ਲਈ ਡਾਕਟਰ ਦੀ ਪਰਚੀ ਦੀ ਲੋੜ ਨਹੀਂ ਹੈ। ਫਾਰਮਾਸਿਸਟ ਨੂੰ ਪੁੱਛੋ ਕਿ ਐਮਰਜੈਂਸੀ ਗਰਭ ਨਿਰੋਧਕ ਮੁਫ਼ਤ ਕਿਵੇਂ ਪ੍ਰਾਪਤ ਕਰਨਾ ਹੈ

**2. ਡਾਕਟਰ ਦੀ ਪਰਚੀ ਨੂੰ ਫਾਰਮੇਸੀ ਵਿੱਚ ਪੇਸ਼ ਕਰੋ**

ਆਪਣੇ ਪਰਸਨਲ ਹੈਲਥ ਨੰਬਰ ਨਾਲ ਕਿਸੇ ਵੀ ਕਮਿਊਨਿਟੀ ਫਾਰਮੇਸੀ ਵਿੱਚ ਡਾਕਟਰ ਦੀ ਪਰਚੀ ਪੇਸ਼ ਕਰੋ।

- ਜੇ ਤੁਹਾਨੂੰ IUD ਜਾਂ ਇਮਪਲਾਂਟ ਦੀ ਪਰਚੀ ਦਿੱਤੀ ਗਈ ਹੈ, ਤਾਂ ਇਸ ਨੂੰ ਇਨਸਰਟ ਕਰਾਉਣ (ਅੰਦਰ ਪਵਾਉਣ) ਲਈ ਤੁਹਾਨੂੰ ਡਾਕਟਰ ਦੇ ਦਫ਼ਤਰ ਜਾਂ ਕਲੀਨਿਕ ਵਿੱਚ ਜਾਣਾ ਪਵੇਗਾ। ਫਾਰਮਾਸਿਸਟ ਹਾਰਮੋਨਲ ਗਰਭ ਨਿਰੋਧਕ ਟੀਕਾ ਲਗਾ ਸਕਦੇ ਹਨ

**3. ਕੋਈ ਪੈਸੇ ਅਦਾ ਨਾ ਕਰੋ**

ਫਾਰਮਾਸਿਸਟ ਡਾਕਟਰ ਦੀ ਪਰਚੀ `ਤੇ ਲਿਖਿਆ ਤੁਹਾਡਾ ਗਰਭ ਨਿਰੋਧਕ ਮੁਫ਼ਤ ਦਿੰਦਾ ਹੈ। ਤੁਹਾਡੀ ਪਰਚੀ `ਤੇ ਲਿਖੇ ਗਰਭ ਨਿਰੋਧਕ ਨੂੰ ਦੇਣ ਦੀ, ਉਸ ਦੀ ਅਸੈਸਮੈਂਟ ਕਰਨ ਦੀ ਜਾਂ ਉਸ ਨਾਲ ਸੰਬੰਧਿਤ ਕਿਸੇ ਹੋਰ ਕੰਮ ਲਈ ਤੁਹਾਡੇ ਤੋਂ ਕੋਈ ਫੀਸ ਨਹੀਂ ਲਈ ਜਾ ਸਕਦੀ

### ਹੋਰ ਜਾਣਕਾਰੀ ਲਈ

ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 - ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨਿਚਰਵਾਰ ਸਵੇਰੇ 8 ਵਜੇ- ਤੋਂ ਸ਼ਾਮ 4 ਵਜੇ ਤੱਕ ਕਾਲ ਕਰੋ

- ਲੋਅਰ ਮੇਨਲੈਂਡ ਤੋਂ: 604-683-7151
- ਬਾਕੀ ਬੀ.ਸੀ. ਤੋਂ, ਟੋਲ-ਫ੍ਰੀ: 1-800-663-7100

### ਆਨਲਾਈਨ ਸਰੋਤ

- ਗਰਭ ਨਿਰੋਧਕ ਦੀ ਫਾਰਮਾਕੇਅਰ ਕਵਰੇਜ ਬਾਰੇ ਹੋਰ ਜਾਣੋ: www.gov.bc.ca/contraceptives